# ਮਹੀਨਾਵਾਰ ਸਿਲੇਬਸ ਵੰਡ
# ਵਿਗਿਆਨ
# ਸ਼੍ਰੇਣੀ 6ਵੀਂ ਤੋਂ 10ਵੀਂ
## 2009-10

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਚੰਡੀਗੜ ਪੰਜਾਬ

# ਮਹੀਨਾਵਾਰ ਸਿਲੇਬਸ ਵੰਡ 2009-10

## ਜਮਾਤ-ਛੇਵੀਂ

## ਵਿਗਿਆਨ

### ਮਹੀਨਾ:ਅਪ੍ਰੈਲ

ਪਾਠ 1. ਪ੍ਰਿਥਵੀ
ਪਾਠ 11. ਸਾਡਾ ਵਾਤਾਵਰਣ
(ਅਭਿਆਸ ਪੁਸਤਕ ਦਾ ਪਾਠ ਨੰ. 1 ਅਤੇ 11 ਕਰਵਾਇਆ ਜਾਣਾ ਹੈ)

**ਪ੍ਰਾਠਕ੍ਰਮ-ਪ੍ਰਯੋਗੀ** :

1. ਚਾਰਟ ਜਾਂ ਮਾਡਲ ਦੀ ਸਹਾਇਤਾ ਨਾਲ ਸੂਰਜੀ ਪਰਿਵਾਰ ਬਾਰੇ ਜਾਣਕਾਰੀ ।
2. ਮਿੱਟੀ ਦੀਆਂ ਵੱਖ-2 ਪਰਤਾਂ ਦਾ ਅਧਿਐਨ ਕਰਨਾ ।
3. ਵਾਤਾਵਰਣ ਸੰਬੰਧੀ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚੋਂ ਜਾਣਕਾਰੀ ਇਕੱਤਰ ਕਰਨਾ ਅਤੇ ਉਸ ਉੱਤੇ ਸ਼੍ਰੇਣੀ ਵਿੱਚ ਵਿਚਾਰ ਵਟਾਂਦਰਾ ਕਰਨਾ ।
4. ਬੀਜਾਂ ਦੇ ਪੁੰਗਰਨ ਦੀਆਂ ਸ਼ਰਤਾਂ ਬਾਰੇ ਅਧਿਐਨ ਕਰਨਾ ਅਤੇ ਨਾਲ-2 ਬੀਜ਼ਾਂ ਦੇ ਪੁੰਗਰਨ ਕਿਰਿਆ ਦਰਸਾਉਣਾ ।

### ਮਹੀਨਾ:ਮਈ

ਪਾਠ-5 ਮਾਦੇ ਦੀ ਪ੍ਰਕਿਰਤੀ
ਪਾਠ-2 ਮਾਪ
ਪਾਠ-12 ਕੁਦਰਤੀ ਸਾਧਨ
(ਅਭਿਆਸ ਪੁਸਤਕ ਦਾ ਪਾਠ 5, 2 ਅਤੇ 12 ਕਰਵਾਇਆ ਜਾਵੇ)

**ਪਾਠਕ੍ਰਮ ਪਯੋਗੀ** :

1. ਸਿੱਧ ਕਰਨਾ ਕਿ ਹਵਾ ਦਾ ਵੀ ਭਾਰ ਹੁੰਦਾ ਹੈ ।
2. ਸਿੱਧ ਕਰਨਾ ਕਿ ਪਦਾਰਥ ਇੱਕ ਰੂਪ ਤੋਂ ਦੂਜੇ ਰੂਪ ਵਿੱਚ ਤਬਦੀਲ ਹੋ ਸਕਦਾ ਹੈ?
3. ਪਾਣੀ ਵਿੱਚ ਘੁਲਣਸ਼ੀਲ/ਅਘੁਲਣਸ਼ੀਲ ਪਦਾਰਥਾਂ ਦਾ ਅਧਿਐਨ ਕਰਨਾ ।
4. ਪਰਸਰਨ ਕਿਰਿਆ ਦੁਆਰਾ ਵੱਖ-ਵੱਖ ਡੱਬਿਆਂ ਵਿੱਚ ਰੱਖੇ ਪਦਾਰਥਾਂ ਦੀ ਪਛਾਣ ਕਰਨੀ ।
5. ਅਨਿਯਮਿਤ ਸਤ੍ਹਾ ਦਾ ਖੇਤਰਫ਼ਲ ਗਿਆਤ ਕਰਨਾ ।
6. ਡਾਕਟਰੀ ਥਰਮਾਮੀਟਰ ਨਾਲ ਮਨੁੱਖੀ ਸਰੀਰ ਦਾ ਤਾਪਮਾਨ ਪਤਾ ਕਰਨਾ ।
7. ਅਧਿਆਪਕ ਵੱਲੋਂ ਪਾਣੀ ਦੀ ਸਾਂਭ-ਸੰਭਾਲ, ਪ੍ਰਦੂਸ਼ਣ ਅਤੇ ਬਰਬਾਦੀ ਰੋਕਣ ਲਈ ਪ੍ਰੇਰਿਤ ਕਰਨਾ

### ਮਹੀਨਾ: ਜੂਨ

ਪਾਠ ਨੰ:- 1,2,5,11 ਅਤੇ 12 ਦੀ ਦੁਹਰਾਈ। ਛੁੱਟੀਆਂ ਦਾ ਕੰਮ। ਸਾਇੰਸ ਸਿਲੇਬਸ ਵਿਚੋਂ ਇੱਕ ਮਾਡਲ ਤਿਆਰ ਕਰਨਾ।

### ਮਹੀਨਾ: ਜੁਲਾਈ

ਪਾਠ ਨੰ:-8 ਸਜੀਵਾਂ ਦੇ ਲੱਛਣ ਅਤੇ ਵਰਗੀਕਰਨ
ਪਾਠ ਨੰ:-9 ਸਜੀਵਾਂ ਦੀ ਬਣਤਰ ਅਤੇ ਕਾਰਜ਼
ਅਭਿਆਸ ਪੁਸਤਕ ਦੇ ਪਾਠ ਨੰ: 8,9 ਕਰਵਾਏ ਜਾਣ

ਪ੍ਰਯੋਗੀ:-

1. ਅਧਿਐਨ ਕਰੋ ਕਿ ਸਾਰੇ ਸਜੀਵ ਸੈਲਾਂ ਦੇ ਬਣੇ ਹੁੰਦੇ ਹਨ।
2. ਵੱਖ-2 ਜੜ੍ਹਾ ਅਤੇ ਤਣਿਆਂ ਦੀਆਂ ਕਿਸਮਾਂ ਦਾ ਅਧਿਐਨ ਕਰਨਾ।
3. ਫੁੱਲ ਦੇ ਵੱਖ-2 ਭਾਗਾਂ ਦਾ ਅਧਿਐਨ ਕਰਨਾ।

4. ਮਾਡਲ ਰਾਹੀਂ ਪਾਚਨ ਪ੍ਰਣਾਲੀ, ਸਾਹ ਪ੍ਰਣਾਲੀ ਅਤੇ ਲਹੂ ਗੇੜ੍ਹ ਪ੍ਰਣਾਲੀ ਦਾ ਅਧਿਐਨ ਕਰਨਾ।
5. ਕਿਸੇ ਬਗੀਚੇ ਵਿੱਚ ਬੂਟੀਆਂ, ਝਾੜੀਆਂ ਅਤੇ ਦਰਖਤਾਂ ਦੀ ਪਛਾਣ ਕਰਨਾ।
6. ਰੋਜਾਨਾ ਜੀਵਨ ਵਿੱਚ ਵਰਤੋਂ ਆਉਣ ਵਾਲੀਆਂ ਵੱਖ-2 ਵਸਤੂਆਂ ਦੀ ਸੂਚੀ ਤਿਆਰ ਕਰਨਾ ਅਤੇ ਉਹਨਾਂ ਦੇ ਸ੍ਰੋਤਾਂ ਬਾਰੇ ਜਾਣਕਾਰੀ ਹਾਸਲ ਕਰਨਾ।

## ਮਹੀਨਾ: ਅਗਸਤ

ਪਾਠ ਨੰ:-3 ਬਲ ਅਤੇ ਗਤੀ
ਪਾਠ ਨੰ:-6 ਪਦਾਰਥਾਂ ਦਾ ਨਿਖੇੜਨਾ
ਪਾਠ ਨੰ:-4 ਕਾਰਜ ਅਤੇ ਉਰਜਾ
ਅਭਿਆਸ ਪੁਸਤਕ ਦੇ ਪਾਠ ਨੰ: 3,4,6 ਕਰਵਾਏ ਜਾਣ

ਪ੍ਰਯੋਗੀ:-

1. ਰਗੜ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ।
2. ਲੀਵਰ ਦੀ ਵੱਖ-2 ਕਿਸਮਾਂ ਦਾ ਅਧਿਐਨ ਕਰਨਾ।
3. ਨਮਕ,ਮਿਟੀ ਅਤੇ ਲੋਹੇ ਦੇ ਕਣਾਂ ਦੇ ਮਿਸ਼ਰਣ ਨੂੰ ਨਿਖੇੜਨਾ।
4. ਪਾਣੀ ਅਤੇ ਤੇਲ ਦੇ ਮਿਸ਼ਰਣ ਨੂੰ ਨਿਖੇੜਨਾ।
5. ਪੌਣ ਚੱਕੀ ਦਾ ਮਾਡਲ ਤਿਆਰ ਕਰਨਾ।
6. ਕਠੋਰ ਅਤੇ ਕੋਮਲ ਜਲ ਦੀ ਪਛਾਣ ਕਰਨੀ।
7. ਸਿਟੀ ਅਤੇ ਅਮੋਨੀਅਮ ਕਲੋਰਾਈਡ ਦੇ ਮਿਸ਼ਰਣ ਨੂੰ ਨਿਖੇੜਨਾ।

## ਮਹੀਨਾ: ਸਤੰਬਰ

ਦੁਹਰਾਈ ਅਤੇ ਪਹਿਲੀ ਟਰਮ ਦੀ ਪ੍ਰੀਖਿਆ

## ਮਹੀਨਾ: ਅਕਤੂਬਰ

ਪਾਠ ਨੰ:7 ਸਾਡੇ ਆਲੇ-ਦੁਆਲੇ ਦੇ ਪਰਿਵਰਤਨ
ਪਾਠ ਨੰ:10 ਸਿਹਤ ਅਤੇ ਸਿਹਤ ਵਿਗਿਆਨ
ਅਭਿਆਸ ਪੁਸਤਕ ਦੇ ਪਾਠ ਨੰ: 7,10 ਕਰਵਾਏ ਜਾਣ।

ਪ੍ਰਯੋਗੀ:-

1. ਅਜਿਹੀਆਂ ਤਬਦੀਲਿਆਂ ਦਾ ਅਧਿਐਨ ਕਰੋ ਜਿਨ੍ਹਾ ਵਿੱਚ ਤਾਪ ਪੈਦਾ ਹੁੰਦਾ ਹੈ ਜਾਂ ਸੋਖਿਆ ਜਾਂਦਾ ਹੈ।ਜਿਵੇਂ ਕਿ ਤਾਪ ਸੋਖੀ ਕਿਰਿਆਵਾਂ ਤਾਪ ਨਿਕਾਸੀ ਕਿਰਿਆਂਵਾਂ
2. ਪੈਡੂਲਮ ਜਾਂ ਝੁਲੇ ਦੀ ਮੱਦਦ ਨਾਲ ਆਵਰਤੀ ਪਰਿਵਰਤਨ ਦਰਸਾਉਣਾ।
3. ਅਧਿਆਪਕ ਵੱਲੋ ਵਿਦਿਆਰਥਿਆਂ ਨੂੰ ਅੱਖ, ਨੱਕ ਅਤੇ ਕੰਨਾਂ ਦੀ ਸਹੀ ਸੰਭਾਲ ਅਤੇ ਸਫਾਈ ਵਾਰੇ ਜਾਣਕਾਰੀ ਦੇਣਾ।

## ਮਹੀਨਾ: ਨਵੰਬਰ

ਪਾਠ -13 ਫਾਲਤੂ ਪਦਾਰਥਾਂ ਦੀ ਉਤਪਤੀ
ਪਾਠ -14 ਫਾਲਤੂ ਪਦਾਰਥਾਂ ਦਾ ਪ੍ਰਬੰਧਣ
ਪਾਠ 13,14 ਅਭਿਆਸ ਪੁਸਤਕ ਤੋਂ ਵੀ ਕਰਵਾਏ ਜਾਣ।

ਪ੍ਰਯੋਗੀ:-

1. ਪਾਲੀਥੀਨ ਲਿਫਾਫਿਆਂ ਦਾ ਵਾਤਾਵਰਣ ਤੇ ਭੈੜੇ ਪ੍ਰਭਾਵਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਵਿਚਾਰ-ਵਟਾਂਦਰਾ ਕਰਨਾ।
2. ਘਰੇਲੂ ਕੂੜਾ-ਕਰਕਟ ਵਿੱਚੋਂ ਜੈਵ-ਵਿਘਟਿਤ ਅਤੇ ਜੈਵ-ਅਵਿਘਟਿਤ ਪਦਾਰਥਾਂ ਦੀ ਪਛਾਣ ਕਰਨੀ ਅਤੇ ਉਹਨਾਂ ਨੂੰ ਵੱਖ-2 ਕਰਨਾ।
3. ਅਧਿਆਪਕ ਦੁਆਰਾ 4R ਦੇ ਸਿਧਾਂਤ ਦੀ ਵਰਤੋਂ ਦੀ ਸਹੀ ਜਾਣਕਾਰੀ ਦੇਣਾ।

4. ਰੂੜੀ ਖਾਦ ਦੀ ਵਰਤੋਂ ਦੁਆਰਾ ਪੌਦਿਆਂ ਦੇ ਵਾਧੇ ਤੇ ਅਸਰ ਦਿਖਾਉਣਾ॥

## ਮਹੀਨਾ: ਦਸੰਬਰ

ਦੁਹਰਾਈ ਪਾਠ ਨੰ: 7,10,13,ਅਤੇ 14 ਅਤੇ ਘਰੇਲੂ ਪ੍ਰੀਖਿਆ ਟਰਮ-2

ਪ੍ਰਯੋਗੀ:-

1. ਰੂਪਾਂਤਰਿਤ ਜੜਾਂ, ਤਣੇ, ਅਤੇ ਪੱਤਿਆਂ ਦੇ ਨਮੂਨੇ ਇੱਕਠੇ ਕਰਕੇ ਉਹਨਾਂ ਦਾ ਅਧਿਐਨ ਕਰਨਾ।

## ਮਹੀਨਾ: ਜਨਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-1

## ਮਹੀਨਾ: ਫਰਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-2

## ਮਹੀਨਾ: ਮਾਰਚ

ਸਾਲਾਨਾ ਪ੍ਰੀਖਿਆ

# ਮਹੀਨਾਵਾਰ ਸਿਲੇਬਸ ਵੰਡ 2009-10

## ਜਮਾਤ-ਸੱਤਵੀਂ

## ਵਿਗਿਆਨ

### ਮਹੀਨਾ:ਅਪ੍ਰੈਲ

ਪਾਠ 1 ਮਾਪ
ਪਾਠ 6 ਪ੍ਰਿਥਵੀ ਤੇ ਜੀਵਨ
ਪਾਠ ਪੁਸਤਕ ਦਾ 1 ਤੇ 6 ਦੁਹਰਾਇਆ ਜਾਵੇ।

ਪ੍ਰਯੋਗ:

1. ਮੀਟਰ ਸਕੇਲ ਦੀ ਵਰਤੋਂ ਕਰਕੇ ਕਿਸੇ ਦਿਤੀ ਹੋਈ ਤਾਰ ਦੀ ਮੋਟਾਈ ਪਤਾ ਕਰਨਾ।
2. ਇਕ ਮੀਟਰ ਸਕੇਲ ਅਤੇ ਆਇਤਾਕਾਰ ਬਲਾਕਾ ਦੀ ਵਰਤੋਂ।
3 ਮਾਪਕ ਸਿਲੰਡਰ ਦਾ ਪ੍ਰਯੋਗ ਕਰਕੇ ਕਿਸੇ ਛੋਟੇ ਪੱਥਰ ਦਾ ਘਨਫਲ ਪਤਾ ਕਰੋ।
4 ਆਪਣੇ ਸਕੂਲ ਵਿਚ ਈਕੋ ਕਲੱਬ ਬਣਾਉਣਾ

### ਮਹੀਨਾ:ਮਈ

ਪਾਠ ਨੰ 2 ਤਾਪ ਅਤੇ ਤਾਪਮਾਨ
ਪਾਠ ਨੰ 7 ਪਾਣੀ-ਇਕ ਅਦਭੁਤ ਤਰਲ
ਪਾਠ ਨੰ 10 ਸਜੀਵਾਂ ਵਿਚ ਸੰਗਠਨ
ਅਭਿਆਸ ਪੁਸਤਕ ਦਾ 2,7,10 ਪਾਠ ਕਰਵਾਇਆ ਜਾਵੇ।

ਪ੍ਰਯੋਗ:

1 ਰਿੰਗ ਅਤੇ ਬਾਲ ਉਪਕਰਨ ਦੀ ਸਹਾਇਤਾ ਨਾਲ ਸਿਧ ਕਰੋ ਕਿ ਠੋਸ ਗਰਮ ਕਰਨ ਤੇ ਫੈਲਦੇ ਹਨ।
2 ਵੱਖ-2 ਥਾਵਾਂ/ਵੱਖ-2 ਸਮਿਆਂ ਤੇ ਤਾਪਮਾਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
3 ਸਾਬਣ ਦੀ ਵਰਤੋਂ ਰਾਹੀਂ ਹਲਕੇ ਅਤੇ ਭਾਰੇ ਪਾਣੀ ਦੀ ਪਹਿਚਾਣ ਕਰਨੀ।
4 ਪਿੱਚਰ ਵਿਧੀ ਰਾਹੀਂ ਗੰਧਲੇ ਪਾਣੀ ਨੂੰ ਸਾਫ ਕਰਨਾ।
5 ਸਿੱਧ ਕਰਨਾ ਕਿ ਸ਼ੁੱਧ ਪਾਣੀ ਬਿਜਲੀ ਦਾ ਕੁਚਾਲਕ ਹੁੰਦਾ ਹੈ ਅਤੇ ਅਸ਼ੁਧ ਪਾਣੀ ਬਿਜਲੀ ਦਾ ਸੁਚਾਲਕ ਹੁੰਦਾ ਹੈ।
6 ਜੀਵ ਸੰਖਿਆ ਦੇ ਸੰਕਲਪ ਨੂੰ ਸਮਝਾਉਣ ਲਈ ਕਿਸੇ ਖੇਤਰ ਵਿਚ ਵੱਖ-2 ਜੰਤੂਆਂ ਅਤੇ ਪੌਦਿਆਂ ਦੀ ਗਿਣਤੀ ਦੀ ਸੂਚੀ ਤਿਆਰ ਕਰਨਾ।
7 ਪਰਿਸਥਿਤਿਕ ਪ੍ਰਬੰਧ ਦੇ ਸੰਕਲਪ ਨੂੰ ਸਮਝਾਉਣ ਲਈ ਆਪਣੇ ਨੇੜੇ ਦੇ ਕਿਸੇ ਤਲਾਬਾਂ ਜਾਂ ਛੱਪੜ ਵਿਦਿਓਰਥੀਆਂ ਨੂੰ ਲੈ ਕੇ ਜਾਣਾ।

### ਮਹੀਨਾ: ਜੂਨ

ਪਾਠ ਨੰਬਰ 1,2,6,7ਅਤੇ 10 ਦੀ ਦੁਹਰਾਈ ਛੁੱਟੀਆਂ ਦਾ ਕੰਮ ਅਤੇ ਸਾਇੰਸ ਸਿਲੇਬਸ ਵਿੱਚੋ ਇੱਕ ਮਾਡਲ ਬਣਾਉਣਾ

### ਮਹੀਨਾ: ਜੁਲਾਈ

ਪਾਠ-14 ਸਾਡਾ ਭੋਜਨ ,
ਪਾਠ-15 ਸਿਹਤ ਅਤੇ ਬਿਮਾਰੀਆਂ ,
ਪਾਠ-8 ਮਾਦੇ ਦੀ ਸਰੰਚਨਾ
ਅਭਿਆਸ ਪੁਸਤਕ ਦੇ 8,14,15 ਪਾਠ ਕਰਵਾਏ ਜਾਣ।

ਪਾਠ ਕ੍ਰਮ- ਪ੍ਰਯੋਗੀ:-

1 ਕਿਸੇ ਦਿਨ ਵਿਦਿਆਰਥੀਆ ਦੁਆਰਾ ਖਾਣ ਵਾਲੇ ਪਦਾਰਥਾਂ ਦੀ ਸੂਚੀ ਤਿਆਰ ਕਰਕੇ ਵਿਚਾਰ ਕਰਨਾ ਕਿ ਉਹਨਾਂ ਦਾ ਭੋਜਨ ਸੰਤੁਲਿਤ ਹੈ ਜਾਂ ਨਹੀ।

2 ਨਸ਼ਿਆ ਦੇ ਸੇਵਨ ਨਾਲ ਸਿਹਤ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ।

3 ਚਾਰਟ ਦੀ ਮੱਦਦ ਨਾਲ ਤੱਤਾਂ ਦੇ ਸੰਕੇਤਾ ਦੀ ਜਾਣਕਾਰੀ ਦੇਣਾ।

# ਮਹੀਨਾ: ਅਗਸਤ

ਪਾਠ (4) ਧੁਨੀ ,

ਪਾਠ (9) ਤੇਜ਼ਾਬ,ਖਾਰ ਅਤੇ ਲੂਣ

ਪਾਠ (11) ਸਜੀਵਾਂ ਵਿਚ ਸੰਪੋਸ਼ਣ

ਅਭਿਆਸ ਪੁਸਤਕ ਦੇ 4,9,10 ਪਾਠ ਕਰਵਾਏ ਜਾਣ

ਪਾਠਕ੍ਰਮ- ਪ੍ਰਯੋਗੀ :-

1, ਇਕ ਸਧਾਰਨ ਪੈਡੂਲਮ ਦੀ ਗਤੀ ਦਾ ਅਧਿਐਨ ਕਰੋ।

2, ਸਿੱਧ ਕਰੋ ਕਿ ਖਿਡੋਣਾ ਟੈਲੀਫ਼ੋਨ ਵਿੱਚ ਧੁਨੀ ਧਾਗੇ ਵਿੱਚੋ ਦੀ ਹੋ ਕੇ ਜਾਂਦੀ ਹੈ।

3, ਦਿੱਤੇ ਗਏ ਤਰਲਾਂ ਦਾ ਵਰਗੀਕਰਨ ਤੇਜ਼ਾਬਾਂ, ਖਾਰਾ ਅਤੇ ਉਦਾਸੀਨ ਪਦਾਰਥਾਂ ਵਿੱਚ ਕਰਨਾ।

4, Cu,Zn ਅਤੇ Na ਦੀ ਤੇਜ਼ਾਬਾਂ ਨਾਲ ਕਿਰਿਆ ਦਾ ਅਧਿਐਨ ਕਰਨਾ।

5, ਮੱਡਲ/ਚਾਰਟ ਦੁਆਰਾ ਪਾਚਨ ਪ੍ਰਣਾਲੀ,ਸਾਹ ਕਿਰਿਆ ਪ੍ਰਣਾਲੀ ਅਤੇ ਮਲ-ਤਿਆਗ ਪ੍ਰਣਾਲੀ, ਦੇ ਵੱਖ ਵੱਚ ਭਾਗਾਂ ਦਾ ਅਧਿਐਨ ਕਰਨਾ।

6, ਸਿੱਧ ਕਰੋ ਕਿ ਪ੍ਰਕਾਸ਼ ਸੰਸਲੇਸ਼ਣ ਕਿਰਿਆ ਲਈ ਰੋਸ਼ਨੀ ਜਰੂਰੀ ਹੈ।

7, ਸਿੱਧ ਕਰੋ ਕਿ ਸਾਹ ਕਿਰਿਆ ਦੌਰਾਨ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ।

8, ਸਾਬਣ ਦੀ ਤਿਆਰੀ ਕਰਨੀ।

# ਮਹੀਨਾ: ਸਤੰਬਰ

ਪਾਠ (16) ਠੋਸ ਕੂੜਾ - ਕਰਕਟ ਅਤੇ ਇਸਦਾ ਪ੍ਰਬੰਧ ਦੁਹਰਾਈ ਪਾਠ ਨੰਬਰ 4,8,9,11,15 ਅਤੇ 16

ਪਹਿਲੇ ਟਰਮ ਦੀ ਪ੍ਰੀਖਿਆ

ਅਭਿਆਸ ਪੁਸਤਕ ਦਾ ਪਾਠ - 16 ਕਰਵਾਇਆ ਜਾਵੇ।

ਪਾਠਕ੍ਰਮ-ਪ੍ਰਯੋਗੀ:-

1 ਕੂੜੇ ਕਰਕਟ ਦੇ ਪ੍ਰਬੰਧ ਅਤੇ ਸਹੀ ਨਿਪਟਾਰੇ ਵਾਰੇ ਜਾਗਰੁਕਤਾ ਪੈਦਾ ਕਰਨੀ।

2 ਆਪਣੇ ਨੇੜੇ ਸਥਿਤ ਬਾਇਓ ਗੈਸ ਪਲਾਂਟ ਦਾ ਦੋਰਾ।

# ਮਹੀਨਾ: ਅਕਤੂਬਰ

ਪਾਠ (3) ਪ੍ਰਕਾਸ

ਪਾਠ (17) ਅਨੁਕੂਲਣ

ਪਾਠ (18) ਵਸੋ ਦੇ ਵਾਧੇ ਦਾ ਵਾਤਾਵਰਨ ਉਪੱਰ ਪ੍ਰਭਾਵ

ਅਭਿਆਸ ਪੁਸਤਕ ਦੇ ਪਾਠ 3,17,18 ਕਰਵਾਏ ਜਾਣ,

ਪਾਠਕ੍ਰਮ - ਪ੍ਰਯੋਗੀ :-

1, ਕਾਰਡ ਬੋਰਡ ਦੇ ਟੁਕੜੇ ਅਤੇ ਮੋਮਬੱਤੀ ਦਾ ਪ੍ਰੋਯੋਗ ਕਰਕੇ ਸਿੱਧ ਕਰੋ ਕਿ ਪ੍ਰਕਾਸ਼ ਸਰਲ ਰੇਖਾ ਵਿੱਚ ਚਲਦਾ ਹੈ।

2, ਇੱਕ ਸਮਤਲ ਦਰਪਣ ਦਾ ਟੁਕੜਾ ਅਤੇ ਪਿੰਨ ਲੈ ਕੇ ਪ੍ਰਕਾਸ਼ ਦੇ ਪਰਾਵਰਤਨ ਦੇ ਨਿਯਮਾ ਦਾ ਅਧਿਐਨ ਕਰਨਾ।

# ਮਹੀਨਾ: ਨਵੰਬਰ

ਪਾਠ (5) ਸਥਿਰ ਬਿਜਲਈ ਚਾਰਜ ,

ਪਾਠ (12) ਸਜੀਵਾਂ ਵਿੱਚ ਨਿਯੰਤਰਣ ਅਤੇ ਤਾਲਮੇਲ ,

ਪਾਠ (13) ਸਜੀਵਾਂ ਵਿੱਚ ਪ੍ਰਜਣਨ

ਅਭਿਆਸ ਪੁਸਤਕ ਦੇ ਪਾਠ 5,12,ਤੋ 13 ਕਰਵਾਏ ਜਾਣ।

ਪਾਠਕ੍ਰਮ - ਪ੍ਰਯੋਗੀ :-

1 ਸਿੱਧ ਕਰੋ ਕਿ ਸਮਾਨ ਚਾਰਜ ਇੱਕ ਦੂਜੇ ਨੂੰ ਪਰ੍ਹੇ ਧਕਦੇ ਹਨੁ ਅਤੇ ਅਸਮਾਨ ਚਾਰਜ ਇੱਕ ਦੂਜੇ ਨੂੰ ਆਪਣੇ ਵੱਲ ਖਿੱਚਦੇ ਹਨ।

2 ਰਗੜ ਦੁਆਰਾ ਸਥਿਰ ਬਿਜਲੀ ਪੈਦਾ ਕਰਕੇ ਵਿਖਾਉਣਾ।

3 ਚਾਰਟ ਜਾਂ ਮਾਡਲ ਦੁਆਰਾ ਨਾੜੀ ਪ੍ਰਣਾਲੀ ਅਤੇ ਪ੍ਰਜਣਨ ਪ੍ਰਣਾਲੀ ਦੇ ਵੱਖ ਵੱਖ ਭਾਗਾਂ ਦਾ ਅਧਿਐਨ ਕਰਨਾ।

4 ਕਾਇਆ ਪ੍ਰਵਰਤਨ ਨੂੰ ਸਮਝਉਣਾ ਲਈ ਕੁਝ ਪੌਦਿਆ (ਆਲੂ), ਪੱਥਰ ਚੱਟ, ਪੁਦੀਨਾਂ ਆਦਿ) ਦਾ ਅਧਿਐਨ ਕਰਨਾ।

5 ਉਤੇਜਨਾ ਬਾਰੇ ਦਰਸਾਉਣ ਲਈ ਕੁਝ ਪੋਦਿਆ ਜਿਵੇਂ ਲਾਜਵੰਤੀ ਦੀਆ ਉਦਾਹਰਣਾਂ ਦੇ ਕੇ ਸਮਝਾਉਣਾਂ।

6 ਗੁਰੂਤਾ - ਅਕਾਰਸਨ ਨੂੰ ਦਿਖਾਉਣ ਲਈ ਇੱਕ ਪ੍ਰਯੋਗ ਸੈਟੱ ਕਰਨਾ।

# ਮਹੀਨਾ: ਦਸੰਬਰ

ਪਾਠ (19) ਮਨੁੱਖੀ ਕਿਰਿਆਵਾਂ ਦਾ ਵਾਤਾਵਰਨ ਤੇ ਪ੍ਰਭਾਵ ਦੁਹਰਾਈ ਪਾਠ ਨੰਬਰ 3,5,12,13,17,18 ਅਤੇ 19 ਅਤੇ ਦੂਜੀ ਟਰਮ ਦੀ ਪ੍ਰੀਖਿਆ

ਅਭਿਆਸ ਪੁਸਤਕ ਦਾ ਪਾਠ ਨੰ 19 ਕਰਵਾਇਆ ਜਾਵੇ

ਪਾਠਕ੍ਰਮ - ਪ੍ਰਯੋਗੀ :-

1 ਅਧਿਆਪਕ ਦੀ ਨਿਗਰਾਨੀ ਹੇਠ ਗਮਲਿਆਂ ਵਿੱਚ ਲਗਾਏ ਵੱਖ ਵੱਖ ਪੌਦਿਆ ਉਪੱਰ ਤੇਜ਼ਾਬੀ ਵਰਖਾ ਦਾ ਅਸਰ ਦਿਖਾਉਣਾ।

2 ਵਿਦਿਆਰਥੀਆਂ ਨੂੰ ਨੇੜਲੇ ਸਥਾਨ ਦਿਖਾਉਣਾ ਕਿ ਰੁੱਖ ਕਿਵੇ ਭੌਂ ਨੂੰ ਖੁਰਨ ਤੋ ਬਚਾਉਦੇ ਹਨ।

# ਮਹੀਨਾ: ਜਨਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-1

# ਮਹੀਨਾ: ਫਰਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-2

# ਮਹੀਨਾ: ਮਾਰਚ

ਸਾਲਾਨਾ ਪ੍ਰੀਖਿਆ

# ਮਹੀਨਾਵਾਰ ਸਿਲੇਬਸ ਵੰਡ 2009–10

## ਜਮਾਤ–ਅੱਠਵੀਂ

## ਵਿਗਿਆਨ

## ਮਹੀਨਾ:ਅਪ੍ਰੈਲ

ਪਾਠ–1 ਪ੍ਰਕਾਸ਼
ਪਾਠ–5 ਹਵਾ
ਪਾਠ–9 EVS-ਵਾਤਾਵਰਨੀ ਮਸਲੇ-ਖੇਤਰੀ ਅਤੇ ਰਾਸ਼ਟਰੀ
(ਅਭਿਆਸ ਪੁਸਤਕ ਦਾ ਪਾਠ 1,5, 14 ਕਰਵਾਇਆ ਜਾਵੇ)

**ਪਾਠਕ੍ਰਮ ਪ੍ਰਯੋਗੀ** :

1. ਗਲਾਸ ਸਲੈਬ ਵਿੱਚੋਂ ਪ੍ਰਕਾਸ਼ ਕਿਰਨ ਦਾ ਪੱਥ ਉਲੀਕੋ, ਸਿੱਧ ਕਰੋ ਆਪਤਿਤ ਕਿਰਨ, ਨਿਰਗਾਮੀ ਕਿਰਨ ਦੇ ਸਮਾਨ ਅੰਤਰ ਹੁੰਦੀ ਹੈ ।
2. ਇੱਕ ਪ੍ਰਿਜ਼ਮ ਵਿੱਚੋਂ ਪ੍ਰਕਾਸ਼ ਕਿਰਨ ਦਾ ਪੱਥ ਉਲੀਕੋ ਵਿਚਲਣ ਕੋਣ ਅੰਕਿਤ ਕਰੋ ।
3. ਮਾਡਲ ਦੀ ਸਹਾਇਤਾ ਨਾਲ ਮਨੁੱਖੀ ਅੱਖ ਦੇ ਵੱਖ-ਵੱਖ ਭਾਗਾਂ ਦਾ ਅਧਿਐਨ ਕਰੋ ।
4. ਕਿਸੇ ਉੱਤਲ ਲੈਨਜ਼ ਦੀ ਲਗਭਗ ਫੋਕਸ ਦੂਰੀ ਪਤਾ ਕਰੋ ।
5. ਪ੍ਰਯੋਗਸ਼ਾਲਾ ਵਿੱਚ ਆਕਸੀਜਨ ਗੈਸ ਨੂੰ $KClO_3$ ਤੋਂ ਤਿਆਰ ਕਰਕੇ ਭੌਤਿਕ ਗੁਣਾਂ ਦਾ ਅਧਿਐਨ ਕਰਨਾ ।

**ਕਿਰਿਆਵਾਂ** :

1. ਸਿੱਧ ਕਰੋ ਕਿ ਪਾਣੀ ਵਿੱਚ ਥੋੜੀ ਡੁੱਬੀ ਪੈਂਸਿਲ ਮੁੜੀ ਪ੍ਰਤੀਤ ਹੁੰਦੀ ਹੈ ।
2. ਸਿੱਧ ਕਰੋ ਪਾਣੀ ਦੇ ਭਰੇ ਬੀਕਰ ਵਿੱਚ ਰੱਖਿਆ ਇੱਕ ਸਿੱਕਾ ਆਪਣੀ ਅਸਲੀ ਸਥਿਤੀ ਤੋਂ ਥੋੜਾ ਉੱਪਰ ਉਠਿਆ ਹੋਇਆ ਨਜ਼ਰ ਆਉਂਦਾ ਹੈ ।
3. ਕਿਸੇ ਉੱਤਲ ਲੈਨਜ ਦੀ ਅਭਿਸਾਰੀ ਕਿਰਿਆ ਸਿੱਧ ਕਰੋ ।
4. ਹਵਾ ਵਿੱਚ ਧੂਲੀ ਕਣਾਂ ਦੀ ਹੋਂਦ ਨੂੰ ਸਿੱਧ ਕਰਨਾ
5. ਸਿੱਧ ਕਰੋ ਕਿ ਹਵਾ ਗੈਸਾਂ ਦਾ ਮਿਸ਼ਰਣ ਹੈ ।

## ਮਹੀਨਾ:ਮਈ

ਪਾਠ–2 ਚੁੰਬਕਤਾ ਅਤੇ ਬਿਜਲੀ

ਪਾਠ–7 ਪਰਮਾਣੂ ਦੀ ਬਣਤਰ ਪਾਠ–10 ਮਿੱਟੀ ਪਾਠ ਪਾਠ–11 EVS

(ਅਭਿਆਸ ਪੁਸਤਕ ਦਾ ਪਾਠ 2, 7, 10, 11 ਕਰਵਾਇਆ ਜਾਵੇ)

**ਪਾਠਕ੍ਰਮ ਪ੍ਰਯੋਗੀ** :

1. ਕਿਸੇ ਚੁੰਬਕ ਦੇ ਸਮਜਾਤੀ ਅਤੇ ਅਸਮਜਾਤੀ ਧਰੁਵਾਂ ਦੇ ਵਰਤਾਉ ਦਾ ਅਧਿਐਨ ।
2. ਬਿਜਲਈ ਕਰੰਟ ਦੇ ਚੁੰਬਕੀ ਪ੍ਰਭਾਵ(ਓਅਰਸਟੈਂਡ ਪ੍ਰਯੋਗ) ਦਾ ਅਧਿਐਨ ਕਰੋ ।
3. ਮਿੱਟੀ ਦੀਆਂ ਵੱਖ-ਵੱਖ ਪਰਤਾਂ ਦਾ ਅਧਿਐਨ ਕਰਨਾ ।
4. ਸਿੱਧ ਕਰਨਾ ਕਿ ਆਕਸੀਜਨ ਗੈਸ ਬਲਣ ਕਿਰਿਆ ਵਾਸਤੇ ਜਰੂਰੀ ਹੈ ।

**ਕਿਰਿਆਵਾਂ** :

1. ਇੱਕ ਵੋਲਟਾ ਸੈਲ ਤਿਆਰ ਕਰਨਾ ।
2. ਇੱਕ ਖੁਸ਼ਕ ਸੈਲ ਦੇ ਵੱਖ-ਵੱਖ ਭਾਗਾਂ ਦਾ ਅਧਿਐਨ ਕਰਨਾ ।
3. ਸਿੱਧ ਕਰੋ ਸੁੰਤਤਰ ਲਟਕ ਰਿਹਾ ਇੱਕ ਛੜ ਚੁੰਬਕ ਹਮੇਸ਼ਾਂ ਉੱਤਰ ਦੱਖਣ ਦਿਸ਼ਾ ਵਿੱਚ ਆ ਕੇ ਰੁੱਕਦਾ ਹੈ ।

4. ਦਰਸਾਉਣਾ ਕਿ ਮਿੱਟੀ ਵਿੱਚ ਪਾਣੀ ਹੁੰਦਾ ਹੈ ।
5. ਦਰਸਾਉਣਾ ਕਿ ਮਿੱਟੀ ਵਿੱਚ ਹਵਾ ਹੁੰਦੀ ਹੈ ।

# ਮਹੀਨਾ: ਜੂਨ

ਅਪ੍ਰੈਲ ਅਤੇ ਮਈ ਵਿੱਚ ਕਰਵਾਏ ਗਏ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

# ਮਹੀਨਾ: ਜੁਲਾਈ

ਪਾਠ ਨੰ 3 ਬ੍ਰਹਿਮੰਡ
ਪਾਠ ਨੰ 6 ਪਦਾਰਥਾਂ ਵਿਚ ਪਰਿਵਰਤਨ
ਪਾਠ ਨੰ 12 ਈ.ਵੀ.ਐਸ.
ਅਭਿਆਸ ਪੁਸਤਕ ਦਾ ਪਾਠ ਨੰ 3,6,12 ਕਰਵਾਇਆ ਜਾਵੇ।

ਪਾਠਕ੍ਰਮ ਪ੍ਰਯੋਗੀ:

1. ਸਿਧ ਕਰਨਾ ਕਿ ਸ਼ੁਧ ਪਾਣੀ ਬਿਜਲੀ ਦਾ ਕੁਚਾਲਕ ਹੈ ਅਤੇ ਅਸ਼ੁਧ ਪਾਣੀ ਬਿਜਲੀ ਦਾ ਸੁਚਾਲਕ ਹੈ।
2. ਸੋਢੀਅਮ ਕਲੋਰਾਈਡ ਅਤੇ ਸਿਲਵਰ ਨਾਈਟ੍ਰੇਟ ਤੋ ਸਿਲਵਰ ਕਲੋਰਾਈਡ ਦੇ ਅਵਖੇਪ ਬਣਨ ਦੀ ਕਿਰਿਆ ਦਾ ਅਧਿਆਨ।
3. ਜਿੰਕ ਅਤੇ ਕਾਪਰ ਸਲਫੇਟ ਦੀ ਕਿਰਿਆ ਨਾਲ ਵਿਸਥਾਪਨ ਕਿਰਿਆ ਦਾ ਅਧਿਐਨ ਕਰਨਾ।
4. ਤਾਪ ਸੋਖੀ ਅਤੇ ਤਾਪ ਨਿਕਾਸੀ ਕਿਰਿਆ ਦਾ ਅਲੱਗ-2 ਅਧਿਐਨ ਕਰਨਾ।

ਕਿਰਿਆਂਵਾਂ:

1 ਵਾਯੂਮੰਡਲੀ ਤਾਪ ਤੇ ਹਰਾ ਗ੍ਰਿਹ ਪ੍ਰਭਾਵ ਦੀ ਆਪਸ ਵਿਚ ਤੁਲਨਾ ਕਰਕੇ ਇਹਨਾ ਦਾ ਅਧਿਐਨ ਕਰੋ।
2 ਸਧਾਰਨ ਕਿਰਿਆ ਰਾਹੀ ਤੁਸੀ ਅਸ਼ੁਧ ਪਾਣੀ ਨੂੰ ਕਿਸ ਤਰਾਂ ਸ਼ੂੱਧ ਕਰ ਸਕਦੇ ਹੋ।
3 ਕੁਦਰਤ ਵਿਚ ਕਾਰਬਨ ਚੱਕਰ ਦਾ ਅਧਿਐਨ ਕਰਨਾ
4 ਕੁਦਰਤ ਵਿਚ ਨਾਈਟਰੋਜਨ ਚੱਕਰ ਦਾ ਅਧਿਐਨ ਕਰਨਾ।
5 ਸਧਾਰਨ ਕਿਰਿਆ ਰਾਹੀਂ ਸਿੱਧ ਕਰੋ ਕਿਸ ਤਰਾਂ ਪ੍ਰਯੋਗੀ ਪ੍ਰਦੂਸ਼ਣ ਘਟਾਇਆ ਜਾ ਸਕਦਾ ਹੈ। ਉਦਾਹਰਣ ਵਜੋਂ:- ਸੋਡੀਅਮ ਨਾਈਟਰੇਟ ਅਤੇ ਤਰਲ ਹਾਈਡਰੋਲਿਕ ਐਸਿਡ ਦਾ NO2 ਬਣਨਾਂ।

# ਮਹੀਨਾ: ਅਗਸਤ

ਪਾਠ ਨੰ 4 ਊਰਜਾ ਦੇ ਸੋਮੇ
ਪਾਠ ਨੰ 11 ਸੂਖਮਦਰਸ਼ੀ ਰਾਹੀਂ ਜੀਵਾਂ ਦਾ ਅਧਿਐਨ
ਪਾਠ ਨੰ 14 ਈ.ਵੀ.ਐਸ ਕੁਦਰਤੀ ਨਿਵਾਸ- ਸਥਾਨਾਂ ਅਤੇ ਸੰਜੀਵਾਂ ਉੱਪਰ ਵਾਤਾਵਰਨਵੀ ਗੁਣਵੱਤਾ ਨਸ਼ਟ ਹੋਣ ਦੇ ਪ੍ਰਭਾਵ
ਅਭਿਆਸ ਪੁਸਤਕ ਦਾ ਪਾਠ ਨੰ 4,11,14 ਕਰਵਾਇਆ ਜਾਵੇ।

ਪਾਠਕ੍ਰਮ ਪ੍ਰਯੋਗੀ:

1 ਇਕ ਮਿਸ਼ਰਤ ਸੂਖਮਦਰਸ਼ੀ ਦੇ ਮੁੱਖ ਭਾਗਾਂ ਦਾ ਅਧਿਐਨ ਕਰਨਾ।
2 ਤਿਆਰ ਸਲਾਈਡ ਰਾਹੀਂ ਸੁਖਮਜੀਵਾਂ (ਜੀਵਾਣੂ,ਉਲੀ ਅਤੇ ਕਾਈ) ਦੀਆਂ ਵੱਖ-2 ਕਿਸਮਾਂ ਦਾ ਅਧਿਐਨ ਕਰਨਾ।
3 ਵੱਖ-2 ਸ੍ਰੋਤਾਂ ਤੋ ਪਾਣੀ ਲੈ ਕੇ ਸੂਖਮਜੀਵਾਂ ਦੀਆਂ ਵੱਖ-2 ਕਿਸਮਾਂ ਦਾ ਅਧਿਐਨ ਕਰਨਾ।
4 ਕਿਸੇ ਛੱਪੜ ਦਾ ਪਾਣੀ ਲੈ ਕੇ ਸੂਖਮਜੀਵਾਂ ਦੀਆਂ ਵੱਖ-2 ਕਿਸਮਾਂ (ਸਪਾਈਰੋਗਾਇਰਾ,

ਯੂਲੋਥਰਿਕਸ) ਦੀ ਸਲਾਈਡ ਤਿਆਰ ਕਰਨਾ ਅਤੇ ਇਹਨਾਂ ਦੀ ਰਚਨਾਂ ਦਾ ਅਧਿਐਨ ਕਰਨਾ।

ਕਿਰਿਆਂਵਾਂ:

1 ਸਿੱਧ ਕਰੋ ਕਿ ਵੱਡਦਰਸ਼ੀ ਸ਼ੀਸ਼ਾ ਕਿਸੇ ਵਸਤੂ ਦਾ ਵੱਡਾ ਪ੍ਰਤਿਬਿੰਬ ਬਣਾਉਂਦਾ ਹੈ।
2 ਇਕ ਸੋਲਰ ਕੁਕਰ ਦੀ ਰਚਨਾ ਅਤੇ ਕਾਰਜ ਵਿਧੀ ਦਾ ਅਧਿਐਨ ਕਰਨਾ।
3 ਕੁਝ ਪੁਰਤੀਯੋਗ ਅਤੇ ਪੁਰਤੀਅਯੋਗ ਉਰਜਾ ਦੇ ਸਰੋਤਾਂ ਦੀ ਇਕ ਸੂਚੀ ਤਿਆਰ ਕਰੋ।
4 ਵੱਖ-2 ਸੋਮਿਆ ਤੇ ਪਾਣੀ ਲੈ ਕੇ ਉਹਨਾ ਵਿਚਲੇ ਸੂਖਮ ਜੀਵਾਂ ਦੀ ਪਹਿਚਾਣ ਕਰਨੀ ਤੇ ਅਧਿਐਨ ਕਰਨਾ।
5 ਸਿੱਲੀ ਅਤੇ ਗਲੀ ਹੋਈ ਡਬਲਰੋਟੀ ਦੇ ਟੁਕੜੇ ਉਪਰ ਉਗੇ ਸੂਖਮਜੀਵਾਂ ਦੀ ਪਹਿਚਾਣ ਕਰਨੀ ਅਤੇ ਅਧਿਐਨ ਕਰਨਾ।

# ਮਹੀਨਾ: ਸਤੰਬਰ

ਮਹੀਨੇ ਦੀ ਘਰੇਲੂ ਪ੍ਰੀਖਿਆ ਲਈ ਦੁਹਰਾਈ ਅਤੇ ਘਰੇਲੂ ਪ੍ਰੀਖਿਆ।

# ਮਹੀਨਾ: ਅਕਤੂਬਰ

ਪਾਠ ਨੰ 8 ਧਾਤਾਂ ਤੇ ਅਧਾਤਾਂ

ਪਾਠ ਨੰ 9 ਕਾਰਬਨ

ਪਾਠ ਨੰ 1,2,3,4 ਅਤੇ 15(ਈ.ਵੀ.ਐਸ)

ਅਭਿਆਸ ਪੁਸਤਕ ਦਾ ਪਾਠ ਨੰ 8,9,15 ਕਰਵਾਇਆ ਜਾਵੇ।

ਪਾਠਕ੍ਰਮ ਪ੍ਰਯੋਗੀ:

1 ਵੱਖ-2 ਪਦਾਰਥ ਲਵੋ ਜਿਵੇ ਕਿ ਚਾਕ ਦਾ ਟੁਕੜਾ, ਰਬੜ ਪਾਣੀ ਨਮਕ ਦਾ ਘੋਲ ਲਵੋ ਅਤੇ ਇਕ ਬਿਜਲਈ ਸਰਕਟ (ਦਿਤਾ ਹੋਇਆ ਪਦਾਰਥ ਤਾਰਾਂ,ਛੋਟਾ ਬਲਬ ਅਤੇ ਸੈਲ ਦੀ ਵਰਤੋਂ ਕਰਕੇ) ਦੀ ਸਹਾਇਤਾ ਨਾਲ ਇਹ ਸਿਧ ਕਰੋ ਕਿ ਇਹਨਾਂ ਵਿਚੋਂ ਕਿਹੜਾ ਬਿਜਲੀ ਦਾ ਚਾਲਕ ਹੈ ਅਤੇ ਕਿਹੜਾ ਕੁਚਾਲਕ (ਰੋਧਕ) ਹੈ।
2 ਸਿੱਧ ਕਰਨਾਂ ਕਿ ਹਵਾ ਅਤੇ ਪਾਣੀ ਲੋਹੇ ਨੂੰ ਜੰਗਾਲ ਲਈ ਜਰੂਰੀ ਹੁੰਦੇ ਹਨ।
3 ਪ੍ਰਯੋਗਸ਼ਾਲਾ ਵਿਚ ਕਾਰਬਨ ਡਾਇਅਕਸਾਈਡ ਗੈਸ ਦੀ ਤਿਆਰੀ ਕਰਕੇ ਇਸਦੇ ਭੋਤਿਕ ਅਤੇ ਰਿਸਾਇਣਕ ਗੁਣਾਂ ਦਾ ਅਧਿਐਨ ਕਰਨਾ।
4 ਸਿੱਧ ਕਰਨਾ ਕਿ ਧਾਤਾਂ ਦੀ ਤਰਲ ਹਾਈਡਰੋ-ਕਲੋਰਿਕ (HCl) ਅਮਲ ਨਾਲ ਕਿਰਿਆ ਨਾਲ ਹਾਈਡਰੋਜਨ ਗੈਸ ਪੈਦਾ ਹੁੰਦੀ ਹੈ।
5 ਅਇਰਨ,ਕਾਪਰ ਅਤੇ ਜ਼ਿੰਕ (Fe,Cu,Zn) ਧਾਤਾਂ ਦੀ ਸਹਾਇਤਾ ਨਾਲ ਕਿਰਿਆਸ਼ੀਲ ਲੜੀ ਦਾ ਅਧਿਐਨ ਕਰਨਾ।

ਕਿਰਿਆਂਵਾਂ ਅਤੇ ਪ੍ਰੋਜੈਕਟ:

1 ਇਕ ਉਤਲ ਲੈਨਜ ਅਤੇ ਅਵਤਲ ਲੈਨਜ ਵਿਚਕਾਰ ਅੰਤਰ ਕਰਨਾ।
2 ਸਿੱਧ ਕਰੋ ਕਿ ਪੋਦਿਆ ਦੇ ਵੱਧਣ ਲਈ ਹਵਾ ਜਰੂਰੀ ਹੈ।
3 ਸਿੱਧ ਕਰੋ ਕਿ ਹਵਾ ਪ੍ਰਸਰਣ ਕਿਰਿਆ ਵਿਚ ਸਹਾਇਤਾ ਕਰਦੀ ਹੈ।
4 ਸਿੱਧ ਕਰੋ ਕਿ ਚੰਗੀ ਸਿਹਤ ਲਈ ਸ਼ੁੱਧ ਹਵਾ ਜਰੂਰੀ ਹੈ ਅਤੇ ਪ੍ਰਦੂਸ਼ਿਤ ਹਵਾ ਨਾਲ ਕਈ ਬਿਮਾਰੀਆਂ ਪੈਦਾ ਹੋ ਸਕਦੀਆਂ ਹਨ।

# ਮਹੀਨਾ: ਨਵੰਬਰ

ਪਾਠ ਨੰ 12 ਸੂਖਮਜੀਵ ਅਤੇ ਬਿਮਾਰੀਆਂ

ਪਾਠ ਨੰ 13 ਭੋਜਨ ਉਤਪਾਦਨ ਅਤੇ ਪ੍ਰਬੰਧਣ ਮੁਢਲੀਆਂ ਪੱਧਤੀਆਂ

ਪਾਠ ਨੰ 5,6,7,8,ਅਤੇ 16(ਈ.ਵੀ.ਐਸ)

ਅਭਿਆਸ ਪੁਸਤਕ ਦਾ ਪਾਠ ਨੰ 12,13,16 ਕਰਵਾਏ ਜਾਣ।

ਪਾਠਕ੍ਰਮ ਪ੍ਰਯੋਗੀ:

1 ਰੇਸ਼ਮ ਦੇ ਕੀੜੇ ਦੇ ਜੀਵਨ ਚੱਕਰ ਦਾ ਅਧਿਐਨ ਕਰਨਾ ਅਤੇ ਇਸ ਦਾ ਲੇਬਲ ਚਿੱਤਰ ਬਣਾਉਣਾ।

2 ਸ਼ਹਿਦ ਦੀ ਮੱਖੀ ਦੇ ਜੀਵਨ ਚੱਕਰ ਦਾ ਅਧਿਐਨ ਕਰਨਾ ਅਤੇ ਇਸਦਾ ਅੰਕਿਤ ਚਿੱਤਰ ਬਣਾਉਣਾ

ਕਿਰਿਆਂਵਾਂ:

1 ਜੀਵਨ ਰੱਖਿਅਕ (ORS) ਘੋਲ ਬਣਾਉਣ ਲਈ ਵਿਧੀ ਬਾਰੇ ਜਾਣਕਾਰੀ ਪ੍ਰਾਪਤ ਕਰਨਾ।

2 ਆਪਣੇ ਨੇੜਲੇ ਖੇਤਰਾਂ ਵਿਚ ਜਾ ਕੇ ਆਮ ਹੋਣ ਵਾਲੀਆਂ ਬਿਮਾਰੀਆਂ ਦਾ ਪਤਾ ਲਗਾਉਣਾ। ਉਹਨਾ ਦੇ ਫੈਲਣ ਦੇ ਕਾਰਨ ਅਤੇ ਰੋਕਥਾਮ ਦੇ ਉਪਾਅ ਬਾਰੇ ਲਿਖਣਾ।

3 ਕਿਸੇ ਖੇਤ ਵਿਚ ਜਾ ਕੇ ਖੇਤੀਬਾੜੀ ਸਬੰਧੀ ਪੱਧਤੀਆਂ ਦਾ ਅਧਿਐਨ ਕਰਨਾ ਅਤੇ ਇਸ ਬਾਰੇ ਕਿਸਾਨ ਨਾਲ ਵਿਚਾਰ ਬਟਾਂਦਰਾ ਕਰਨਾ।

4 ਕਿਸੇ ਵੱਡੇ ਗੋਦਾਮ ਜਾਂ ਠੰਡੇ-ਭੰਡਾਰ ਤੇ ਜਾਣਾ ਅਤੇ ਉਹਨਾ ਬਾਰੇ ਅਧਿਐਨ ਕਰਨਾ।

# ਮਹੀਨਾ: ਦਸੰਬਰ

ਪਾਠ ਨੰ 10 ਠੋਸ ਕੂੜਾ-ਕਰਕਟ ਅਤੇ ਪ੍ਰਬਧਣ

ਪਾਠ ਨੰ 13 ਆਪਦਾ

ਪਾਠ ਨੰ 10,ਪਾਠ ਨੰ 13 (EVS) ਦੀ ਦੁਹਰਾਈ ਅਤੇ ਘਰੇਲੂ ਪ੍ਰੀਖਿਆ ਲਈ ਦੁਹਰਾਈ ਅਤੇ ਘਰੇਲੂ ਪ੍ਰੀਖਿਆ ।

# ਮਹੀਨਾ: ਜਨਵਰੀ

**ਸਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-1**

# ਮਹੀਨਾ: ਫਰਵਰੀ

**ਸਲਾਨਾ ਪ੍ਰੀਖਿਆ**

# ਮਹੀਨਾਵਾਰ ਸਿਲੇਬਸ ਵੰਡ 2009-10

## ਜਮਾਤ- ਨੌਵੀਂ

# ਵਿਗਿਆਨ

# ਮਹੀਨਾ:ਅਪ੍ਰੈਲ

ਭੌਤਿਕ ਵਿਗਿਆਨ:

ਅਧਿਆਇ 1 ਗਤੀ

1. ਭੂਮਿਕਾ
2. ਦੂਰੀ ਓਤੇ ਵਿਸਥਾਪਨ
3. ਇਕ ਸਮਾਨ ਅਤੇ ਅਸਮਾਨ ਗਤੀ

**ਜੀਵ ਵਿਗਿਆਨ**

ਅਧਿਆਇ 16 ਭੋਜਨ ਪੋਸ਼ਣ ਅਤੇ ਸਿਹਤ

# ਮਹੀਨਾ:ਮਈ

ਭੌਤਿਕ ਵਿਗਿਆਨ:

ਅਧਿਆਇ 2 ਗਤੀ

1. ਵੇਗ
2. ਪ੍ਰਵੇਗ
3. ਗ੍ਰਾਫ ਅਤੇ ਇਹਨਾਂ ਦੀ ਵਰਤੋਂ
4. ਇਕਸਮਾਨ ਚੱਕਰਾਕਾਰ ਗਤੀ
5.

ਅਧਿਆਇ 3 ਬਲ

6. ਨਿਊਟਨ ਦਾ ਪਹਿਲਾ ਗਤੀ ਨਿਯਮ
7. ਜੜ੍ਹਤਾ ਅਤੇ ਪੁੰਜ
8. ਨਿਊਟਨ ਦਾ ਦੂਜਾ ਗਤੀ ਨਿਯਮ
9. ਸੰਵੇਗ
10. ਨਿਊਟਨ ਦਾ ਤੀਜਾ ਗਤੀ ਨਿਯਮ
11. ਸੰਵੇਗ ਦਾ ਸੁਰਖਿਅਣ

**ਰਸਾਇਣ ਵਿਗਿਆਨ**

ਅਧਿਆਇ 7 ਪਦਾਰਥ/ਮਾਦੇ ਦੀ ਪ੍ਰਕਿਰਤੀ

**ਜੀਵ ਵਿਗਿਆਨ**

ਅਧਿਆਇ 13 ਸੈਲ ਅਤੇ ਸੈਲ ਦੀ ਬਣਤਰ

**ਪ੍ਰਯੋਗ:**

1. ਸਧਾਰਨ ਪੈਂਡੁਲਮ ਦਾ ਆਵਰਤ ਕਾਲ ਦੀ ਇਸਦੀ ਲੰਬਾਈ ਨਾਲ ਕਿਵੇਂ ਬਦਲਦਾ ਹੈ। ਇਸਨੂ ਦਰਸਾਉਣ ਲਈ L-T2 ਦਾ ਗ੍ਰਾਫ ਖਿਚੋ
2. ਕਿਸੇ ਦਿਤੀ ਪ੍ਰਤੀਸ਼ਤਤਾ ਦਾ ਸਧਾਰਨ ਨਮਕ/ਚੀਨੀ ਦਾ ਘੋਲ ਤਿਆਰ ਕਰਨਾ।
3. ਪਿਆਜ ਦੀ ਝਿਲੀ ਤੋ ਸਲਾਈਡ ਤਿਆਰ ਕਰਨਾ, ਇਸਦੇ ਹਿਸਿਆਂ ਦੀ ਪਹਿਚਾਣ ਕਰਨਾ ਅਤੇ ਨਾਮਾਕਿੰਤ ਚਿਤਰ ਤਿਆਰ ਕਰਨਾ।

# ਮਹੀਨਾ: ਜੂਨ

ਅਪ੍ਰੈਲ ਅਤੇ ਮਈ ਵਿੱਚ ਕਰਵਾਏ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

# ਮਹੀਨਾ: ਜੁਲਾਈ

ਭੌਤਿਕ ਵਿਗਿਆਨ:

ਅਧਿਆਇ 2 ਬਲ

1. ਰਗੜ
2. ਰਗੜ ਨੂੰ ਘਟ ਕਰਨਾ
3. ਰਗੜ ਦੀਆਂ ਕਿਸਮਾਂ
4. ਰਗੜ ਦੇ ਲਾਭ ਅਤੇ ਹਾਨੀਆਂ

**ਰਸਾਇਣ ਵਿਗਿਆਨ**

ਅਧਿਆਇ 8 ਪਰਮਾਣੂ ਦੀ ਸਰੰਚਨਾ

**ਜੀਵ ਵਿਗਿਆਨ**

ਅਧਿਆਇ 14 ਪੌਦਿਆਂ ਤੇ ਜੰਤੂਆਂ ਦੇ ਟਿਸ਼ੂ

ਅਧਿਆਇ 15 ਸਜੀਵ ਜਗਤ ਵਿਚ ਵਿਭਿੰਨਤਾ

**ਪ੍ਰਯੋਗ:**

4. ਸਲਫਰ ਦਾ ਕੋਲਾਇਡੀ ਘੋੋਲ਼ ਤਿਆਰ ਕਰਨਾ ਪਾਰਦਰਸ਼ਤਾ ਦੇ ਅਧਾਰ ਤੇ ਇਸ ਘੋਲਦਾ ਵਾਸਤਵਿਕ ਘੋਲ ਅਤੇ ਨਿਲੰਬਨ ਨਾਲੋ ਅੰਤਰ ਦਰਸਾਉਣਾ।
5. ਕਿਸੇ ਯੋਗਿਕ ਅਤੇ ਮਿਸ਼ਰਣ ਵਿਚ ਅੰਤਰ ਸਪਸ਼ਟ ਕਰਨਾ।
6. ਗਲ੍ਹ ਦੇ ਐਪੀਥੀਲੀਅਲ ਸੈਲਾਂ ਦੀ ਅਸਥਾਈ ਸਲਾਈਡ ਤਿਆਰ ਕਰਨਾ ਅਤੇ ਨਾਮਾਂਕਣ ਚਿਤਰ ਬਣਾਉਣਾ।

# ਮਹੀਨਾ: ਅਗਸਤ

ਭੌਤਿਕ ਵਿਗਿਆਨ:

ਅਧਿਆਇ 2 ਬਲ

1 ਬਲ ਅਤੇ ਦਬਾਉ

2 ਆਰਕਿਮੀਡੀਜ ਦਾ ਸਿਧਾਂਤ

3 ਸਾਖੇਪ ਘਣਤਾ

**ਜੀਵ ਵਿਗਿਆਨ**

ਅਧਿਆਇ 18 ਸਾਡੇ ਕੁਦਰਤੀ ਸਾਧਨ

**ਪ੍ਰਯੋਗ:**

1. ਇਕ ਕਮਾਨੀਦਾਰ ਤੁਲਾ ਅਤੇ ਮਾਪਕ ਸਿਲੰਡਰ ਦੀ ਸਹਾਇਤਾ ਨਾਲ ਕਿਸੇ ਤਰਲ(ਪਾਣੀ ਨੂੰ ਛੱਡ ਕੇ) ਦੀ ਸਾਪੇਖ ਘਣਤਾ ਗਿਆਤ ਕਰਨਾ।
2. ਇਕ ਕਮਾਨੀਦਾਰ ਤੁਲਾ ਅਤੇ ਮਾਪਕ ਸਿਲੰਡਰ ਦੀ ਸਹਾਇਤਾ ਨਾਲ ਇਕ ਠੋਸ ਵਸਤੂ (ਜਿਸਦੀ ਘਣਤਾ ਪਾਣੀ ਤੋਂ ਵੱਧ ਹੋਵੇ) ਦੀ ਘਣਤਾ ਗਿਆਤ ਕਰਨਾ।
3. ਸਪਾਈਰੋਗਾਇਰਾ ਦੀ ਅਸਥਾਈ ਸਲਾਈਡ ਤਿਆਰ ਕਰਨਾ।ਇਸਦੇ ਭਾਗਾਂ ਦੀ ਪਹਿਚਾਣ ਕਰਨਾ ਅਤੇ ਨਾਮਾਕਿਤ ਚਿੱਤਰ ਤਿਆਰ ਕਰਨਾ।

# ਮਹੀਨਾ: ਸਤੰਬਰ

**ਪਹਿਲੇ ਸਮੈਸਟਰ ਦੀ ਦੁਹਰਾਈ ਅਤੇ ਪ੍ਰੀਖਿਆ**

**ਨੋਟ: ਸਮੈਸਟਰ-1 ਨਾਲ ਸਬੰਧਤ ਕਿਰਿਆਵਾਂ ਅਤੇ ਪ੍ਰੋਜੈਕਟ ਅਧਿਆਪਕ ਆਪਣੇ ਸਮੇਂ ਅਤੇ ਸੁਵਿਧਾ ਅਨੁਸਾਰ ਕਰ ਸਕਦੇ ਹਨ।**

# ਮਹੀਨਾ: ਅਕਤੂਬਰ

ਭੌਤਿਕ ਵਿਗਿਆਨ:

ਅਧਿਆਇ 3 ਗਰੂਤਾਕਰਸ਼ਣ

ਅਧਿਆਇ 4 ਕਾਰਜ,ਊਰਜਾ ਤੇ ਸ਼ਕਤੀ

**ਰਸਾਇਣ ਵਿਗਿਆਨ**

ਅਧਿਆਇ 9 ਤੱਤਾਂ ਦਾ ਵਰਗੀਕਰਣ

**ਪ੍ਰਯੋਗ:**

1. ਪੁੰਜ ਅਤੇ ਸੰਪਰਕ ਸਤ੍ਹਾ ਦੀ ਪ੍ਰਕਿਰਤੀ ਤੇ ਸ਼ੀਮਾਤ ਰਗੜ ਦੇ ਪਰਿਵਰਤਨ ਦਾ ਅਧਿਐਨ ਕਰਨਾ।
2. ਆਰਕਿਮੀਡੀਜ ਦੇ ਸਿਧਾਂਤ ਨੂੰ ਸਿੱਧ ਕਰਨਾ।

# ਮਹੀਨਾ: ਨਵੰਬਰ

ਭੌਤਿਕ ਵਿਗਿਆਨ:

ਅਧਿਆਇ 5 ਤਾਪ

**ਰਿਸਾਇਣਕ ਵਿਗਿਆਨ:**

ਅਧਿਆਇ 10 ਰਸਾਇਣਕ ਬੰਧਨ

**ਜੀਵ ਵਿਗਿਆਨ:**

ਅਧਿਆਇ 17 ਮਨੁੱਖ ਦੀਆਂ ਬਿਮਾਰੀਆਂ

**ਪ੍ਰਯੋਗ:**

1 ਪਾਣੀ ਦਾ ਉਬਾਲ ਦਰਜਾ ਅਤੇ ਠੋਸ(ਬਰਫ,ਯੂਰੀਆ) ਦਾ ਪਿਘਲਣ ਦਰਜਾ ਗਿਆਤ ਕਰਨਾ।

2 ਮਿਸ਼ਰਣ ਵਿਧੀ ਦਾ ਉਪਯੋਗ ਕਰਕੇ ਧਾਤਵੀਂ ਠੋਸ ਦਾ ਵਿਸ਼ਿਸ਼ਟ ਤਾਪ ਗਿਆਤ ਕਰਨਾ।

3 ਗਰਮ ਪਾਣੀ ਦਾ ਤਾਪਮਾਨ ਨਾਪਣਾ ਜਿਵੇਂ-2 ਉਹ ਠੰਡਾ ਹੁੰਦਾ ਹੈ ਉਵੇਂ-2 ਉਸਦੇ ਤਾਪਮਾਨ ਅਤੇ ਸਮੇਂ ਵਿਚਕਾਰ ਗ੍ਰਾਫ ਖਿਚਣਾ।

4 ਤਿਆਰ ਸਲਾਈਡ ਦੁਆਰਾ ਪੌਦਾ ਟਿਸ਼ੂਆਂ ਜਿਵੇਂ ਕੋਮਲ-ਕੋਣਵੀਂ ਅਤੇ ਦ੍ਰਿੜ ਟਿਸ਼ੂਆਂ ਦੀ ਪਹਿਚਾਨ ਕਰਨਾ ਅਤੇ ਨਾਮਾਂਕਿਤ ਚਿੱਤਰ ਬਣਾਉਣਾ।

5 ਤਿਆਰ ਸਲਾਇਢਿ ਦੁਆਰਾ ਜੰਤੂ ਟਿਸ਼ੂਆਂ ਜਿਵੇਂ ਪੇਸ਼ੀ, ਨਾੜੀ ਅਤੇ ਖੁਨ ਟਿਸ਼ੂਆਂ ਦੀ ਪਹਿਚਾਣ ਕਰਨਾਂ ਅਤੇ ਨਾਮਾਂਕਿਤ ਚਿੱਤਰ ਬਣਾਉਣਾ

# ਮਹੀਨਾ: ਦਸੰਬਰ

**ਰਸਾਇਣ ਵਿਗਿਆਨ:**

ਅਧਿਆਇ 11 ਰਸਾਇਣਕ ਕਿਰਿਆਵਾਂ।

**ਜੀਵ ਵਿਗਿਆਨ:**

ਅਧਿਆਇ 19 ਭੋਜਨ ਦੇ ਸਾਧਨ- ਫਸਲ ਉਤਪਾਦਨ ਪ੍ਰਣਾਲੀ।

ਅਧਿਆਇ 20 ਭੋਜਨ ਦੇ ਸਾਧਨ- ਟਿਕਾਉ ਖੇਤੀਬਾੜੀ।

**ਪ੍ਰਯੋਗ:**

1 **ਹੇਠ ਲਿਖੀਆਂ ਰਿਸਇਣਕ ਕਿਰਿਆਂਵਾਂ ਨੂੰ ਦੇਖਣਾ ਅਤੇ ਉਹਨਾ ਦਾ ਨਿਰੀਖਣ ਕਰਨਾ।**

**ੳ) ਲੋਹੇ ਦੀ ਮੇਖ ਅਤੇ ਕਾਪਰ ਸਲਫੇਟ ਦਾ ਘੋਲ**

**ਅ) ਮੈਗਨੀਸ਼ੀਅਮ ਰਿਬਨ ਦਾ ਹਵਾ ਵਿਚ ਜਲਣਾਂ।**

**ੲ) ਜਿੰਕ ਅਤੇ ਪਤਲੇ ਗੰਧਕ ਤੇਜਾਬ ਦੀ ਕਿਰਿਆ।**

**ਸ) ਅਮੋਨੀਅਮ ਕਲੋਰਾਈਡ ਨੂੰ ਗਰਮ ਕਰਨਾ।**

**ਹ) ਸੋਡੀਅਮ ਸਲਫੇਟ ਅਤੇ ਬੇਰੀਅਮ ਕਲੋਰਾਈਡ ਦੇ ਘੋਲਾਂ ਵਿਚ ਰਿਸਾਇਣਕ ਕਿਰਿਆ**

2 ਸੰਤ੍ਰਿਪਤ ਅਤੇ ਅਸੰਤ੍ਰਿਪਤ ਕਾਰਬਨਿਕ ਯੋਗਿਕਾਂ ਵਿਚ ਅੰਤਰ ਸਪਸ਼ਟ ਕਰਨਾ

3 ਮਿਟੀ ਦੇ ਵੱਖ-2 ਨਮੁਨਆਿ( 4 ਜਾਂ 5 ਨਮੁਨੇ) ਦੇ ਤੇਜਾਬੀਪਨ ਅਤੇ ਖਾਰੇਪਨ ਦੀ ਜਾਂਚ ਕਰਨਾ।

4 ਦਿਤੇ ਹੋਏ ਭੋਜਨ ਦੇ ਨਮੁਨੇ ਵਿਚ ਕਾਰਬੋਹਾਈਡ੍ਰੇਟਸ ਅਤੇ ਸਟਾਰਚ ਦੀ ਮੋਜੁਦਗੀ ਦਰਸਾਉਣ ਲਈ ਨਿਰੀਖਣ ਕਰਨਾ

# ਮਹੀਨਾ: ਜਨਵਰੀ

**ਭੋਤਿਕ ਵਿਗਿਆਨ:**

ਅਧਿਆਇ 6 ਤਰੰਗ ਗਤੀ ਅਤੇ ਧੁੰਨੀ।

ਜੀਵ ਵਿਗਿਆਨ:

ਅਧਿਆਇ 21 ਭੋਜਨ ਦੇ ਸਾਧਨ - ਪ੍ਰਾਣੀ।

ਅਧਿਆਇ 22 ਸਾਡਾ ਵਾਤਾਵਰਣ।

**ਰਸਾਇਣਕ ਵਿਗਿਆਨ:**

ਅਧਿਆਇ 12 ਕੋਲਾ ਅਤੇ ਪੈਟਰੋਲੀਅਮ

**ਪ੍ਰਯੋਗ:**

1 ਸਧਾਰਨ ਪੈਂਡੁਲਮ ਨਾਲ ਗੁਰੁਤਵੀ ਪ੍ਰਵੇਗ ਦਾ ਮਾਨ ਗਿਆਤ ਕਰੋ।

2 ਕਾਰਬਨ ਡਾਈਅਕਸਾਈਡ ਗੈਸ ਬਣਾਉਣਾ ਅਤੇ ਇਸਦੇ ਗੁਣਾ ਦਾ ਅਧਿਐਨ ਕਰਨਾ।

3 ਦਿੱਤੇ ਹੋਏ ਹਲਦੀ ਪਾਉਡਰ ਅਤੇ ਧਨੀਆ ਪਾਉਡਰ ਵਿਚ ਮਿਲਾਵਟ ਦੀ ਜਾਂਚ ਕਰਨਾ।

# ਮਹੀਨਾ: ਫਰਵਰੀ

ਜੀਵ ਵਿਗਿਆਨ:

ਅਧਿਆਇ 23 ਠੋਸ ਕੁੜਾ-ਕਰਕਟ ਅਤੇ ਇਸ ਦਾ ਪ੍ਰਬੰਧ-1

ਅਧਿਆਇ 24 ਠੋਸ ਕੁੜਾ-ਕਰਕਟ ਅਤੇ ਇਸ ਦਾ ਪ੍ਰਬੰਧ-11

**ਪਯੋਗ:**

1 ਮਾਰੂਥਲੀ, ਜਲੀ, ਅਤੇ ਥਲੀ ਪੋਦਿਆਂ ਦੇ ਅਨੁਕੂਲਿਤ ਲੱਛਣਾ ਦਾ ਅਧਿਐਨ ਕਰਨਾ।

4 ਕਿਸੇ ਫਲੀਦਾਰ ਪੌਦੇ ਦੀ ਜੜ੍ਹ ਤੋ ਇਕ ਅਸਥਾਈ ਸਲਾਈਡ ਤਿਆਰ ਕਰਨਾ ਅਤੇ ਉਸ ਵਿਚ ਮੌਜੂਦ ਜੀਵਾਣੂ ਦਾ ਅਧਿਐਨ ਕਰਨਾ।

5 ਜਲੀ, ਥਲੀ, ਜਲ-ਥਲੀ, ਰੀਂਗਣ ਵਾਲੇ ਅਤੇ ਖੁੱਡਾਂ ਬਣਾਉਣ ਵਾਲੇ ਜੰਤੂਆਂ ਦੇ ਲੱਛਣਾ ਦਾ ਅਨੁਕੁਲਤਾ ਪੱਖੋਂ ਅਧਿਐਨ ਕਰਨਾ।

# ਮਹੀਨਾ: ਮਾਰਚ

**ਦੁਹਰਾਈ ਅਤੇ ਦੂਜੇ ਸਮੈਸਟਰ ਦੀ ਪ੍ਰੀਖਿਆ।**

**ਨੋਟ: ਸਮੈਸਟਰ-।। ਨਾਲ ਸਬੰਧਤ ਕਿਰਿਆਵਾਂ ਅਤੇ ਪ੍ਰੋਜੈਕਟ, ਅਧਿਆਪਕ ਆਪਣੇ ਸਮੇਂ ਅਤੇ ਸੁਵਿਧਾ ਅਨੁਸਾਰ ਕਰਵਾ ਸਕਦੇ ਹਨ।**

# ਮਹੀਨਾਵਾਰ ਸਿਲੇਬਸ ਵੰਡ 2009-10

## <u>ਜਮਾਤ- ਦੱਸਵੀਂ</u>

## <u>ਵਿਗਿਆਨ</u>

## ਮਹੀਨਾ:ਅਪ੍ਰੈਲ

ਪਾਠ-1 ਪ੍ਰਕਾਸ਼ ਦਾ ਪਰਾਵਰਤਨ
ਪਾਠ-2 ਪ੍ਰਕਾਸ਼ ਦਾ ਅਪਵਰਤਨ
ਪਾਠ-13 ਪੋਸ਼ਣ

**ਪ੍ਰਯੋਗ :**

1. ਸਮਤਲ ਦਰਪਣ ਦੀ ਵਰਤੋਂ ਕਰਕੇ ਪ੍ਰਕਾਸ਼ ਦੇ ਪਰਾਵਰਤਨ ਦੇ ਨਿਯਮ ਸਿੱਧ ਕਰੋ ।
2. ਆਇਤਾਕਾਰ ਸਲੈਬ ਵਿੱਚੋਂ ਲੰਘ ਰਾਹੀ ਪ੍ਰਕਾਸ਼ ਕਿਰਣ ਦਾ ਪੱਥ ਖਿਚੋ ਅਤੇ ਆਪਤਨ ਕੋਣ ਅਤੇ ਨਿਰਗਮਣ ਕੋਣ ਗਿਆਤ ਕਰੋ ।
3. ਇੱਕ ਕੱਚ ਦੇ ਪ੍ਰਿਜ਼ਮ ਵਿੱਚੋਂ ਲੰਘ ਰਹੀ ਪ੍ਰਕਾਸ਼ ਕਿਰਨ ਦਾ ਪੱਥ ਉਲੀਕੋ ਵਿਚਲਣ ਕੋਣ ਨੂੰ ਮਾਪੋ ।
4. ਪ੍ਰਯੋਗ ਰਾਹੀਂ ਸਿੱਧ ਕਰੋ ਕਿ ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਲਈ ਸੂਰਜ ਦੀ ਰੋਸ਼ਨੀ ਜਰੂਰੀ ਹੈ ।
5. ਪ੍ਰਯੋਗ ਰਾਹੀਂ ਸਿੱਧ ਕਰੋ ਕਿ ਪ੍ਰਕਾਸ਼ ਸ਼ੰਸ਼ਲੇਸ਼ਣ ਕਿਰਿਆ ਦੌਰਾਨ ਆਕਸੀਜਨ ਬਾਹਰ ਨਿਕਲਦੀ ਹੈ ।

**ਕਿਰਿਆਵਾਂ**

1. ਵਾਤਾਵਰਣ ਵਿੱਚ ਠੋਸ ਕੂੜਾ-ਕਰਕਟ ਬਾਰੇ ਅਖਬਾਰਾਂ ਦੀਆਂ ਕਤਰਨਾਂ ਇੱਕਠੀਆਂ ਕਰਕੇ ਫਾਈਲ ਤਿਆਰ ਕਰਨਾ ਅਤੇ ਇੰਨਾਂ ਮੁੱਦਿਆਂ ਸਬੰਧੀ ਆਪਣੀ ਜਮਾਤ ਵਿੱਚ ਵਿਚਾਰ-ਵਟਾਂਦਰਾ ਕਰਨਾ ।
2. ਵਾਤਾਵਰਣ ਨਾਲ ਸੰਬੰਧਿਤ ਕੁਝ ਖਾਸ ਦਿਨ ਮਨਾਉਂਦੇ ਜਿਵੇਂ 5 ਜੂਨ- ਵਿਸ਼ਵ ਵਾਤਾਵਰਣ ਦਿਵਸ

## ਮਹੀਨਾ:ਮਈ

ਪਾਠ-3 ਪ੍ਰਕਾਸ਼ੀ ਭੰਡਾਰ
ਪਾਠ-8 ਬ੍ਰਹਿਮੰਡ
ਪਾਠ-9 ਰਸਾਇਣਿਕ ਕਿਰਿਆਵਾਂ ਦੀ ਦਰ ਅਤੇ ਰਸਾਇਣਿਕ ਸੰਤੁਲਨ
ਪਾਠ-14 ਸਾਹ ਕਿਰਿਆ

**ਪ੍ਰਯੋਗ**

1. ਦੂਰ ਸਥਿਤ ਕਿਸੇ ਵਸਤੂ ਦਾ ਪ੍ਰਤੀਬਿੰਬ ਲੈ ਕੇ ਅਵਤਲ ਦਰਪਨ ਦੀ ਫੋਕਸ ਦੂਰੀ ਗਿਆਤ ਕਰੋ ।
2. ਦੂਰ ਸਥਿਤ ਕਿਸੇ ਵਸਤੂ ਨੂੰ ਫੋਕਸ ਕਰਕੇ ਉੱਤਲ ਲੈਨਜ਼ ਦੀ ਫੋਕਰ ਦੂਰੀ ਗਿਆਤ ਕਰੋ ।
3. ਕੋਈ ਵੀ ਚਾਰ ਰਸਾਇਣਿਕ ਕਿਰਿਆਵਾਂ ਦੌਰਾਨ ਤਾਪ ਤਬਦੀਲੀ ਦਾ ਅਧਿਐਨ ਕਰਨਾ ਅਤੇ ਦੱਸਣਾ ਕਿ ਕਿਰਿਆ ਤਾਪ-ਨਿਕਾਸੀ ਹੈ ਜਾਂ ਤਾਪ ਸੋਖੀ ।
4. ਪ੍ਰਯੋਗ ਰਾਹੀਂ ਸਿੱਧ ਕਰੋ ਕਿ ਸਾਹ ਕਿਰਿਆ ਦੌਰਾਨ ਕਾਰਬਨਡਾਈਆਕਸਾਈਡ ਗੈਸ ਪੈਦਾ ਹੁੰਦੀ ਹੈ ।
5. ਪ੍ਰਯੋਗ ਰਾਹੀਂ ਸਿੱਧ ਕਰੋ ਕਿ ਪੋਦਿਆਂ ਵਿੱਚ ਵਾਸ਼ਪੀਕਰਣ ਹੁੰਦਾ ਹੈ ।

**ਕਿਰਿਆਵਾਂ :**

1. ਕਿਸੇ ਨੇੜੇ ਦੀ ਫੈਕਟਰੀ ਦਾ ਨਿਰੀਖਣ ਕਰਨਾ ਅਤੇ ਉਸਤੋਂ ਨਿਕਲੇ ਵਾਧੂ ਪਦਾਰਥਾਂ ਦੇ ਨਿਕਾਸ ਦਾ ਪ੍ਰਬੰਧ ਬਾਰੇ ਜਾਣਕਾਰੀ ਲੈਣਾ ਅਤੇ ਇੰਨਾਂ ਦੇ ਭੈੜੇ-ਪ੍ਰਭਾਵ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।

2. ਸਕੂਲ ਵਿੱਚ ਹਰੇ ਗ੍ਰਹਿ ਘਰ ਦੀ ਸਥਾਪਨਾ ਕਰਨਾ ।

# ਮਹੀਨਾ: ਜੂਨ

ਅਪ੍ਰੈਲ ਅਤੇ ਮਈ ਵਿੱਚ ਕਰਵਾਏ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

# ਮਹੀਨਾ: ਜੁਲਾਈ

ਪਾਠ 4:- ਬਿਜਲੀ, ਇਸਦੇ ਤਾਪਨ ਅਤੇ ਰਸਾਇਣਿਕ ਪ੍ਰਭਾਵ

ਪਾਠ 10:- ਕੁਝ ਮਹੱਤਵਪੂਰਨ ਰਸਾਇਣਿਕ ਯੋਗਿਕ

ਪਾਠ 17 :- ਕਾਬੂ ਅਤੇ ਤਾਲਮੇਲ

ਪਾਠ 18:- ਪ੍ਰਜਣਨ

ਪ੍ਰਯੋਗ:-

1. ਕਿਸੇ ਚਾਲਕ ਵਿਚੋਂ ਲੰਘ ਰਹੇ ਕਰੰਟ ਅਤੇ ਉਸਦੇ ਪੁਟੈਂਸ਼ਲ ਅੰਤਰ ਵਿਚਕਾਰ ਸੰਬੰਧ ਦਾ ਅਧਿਐਨ ਕਰੋ ਅਤੇ ਇਸ ਦਾ ਪ੍ਰਤਿਰੋਧ ਪਤਾ ਕਰੋ।
2. ਦੋ ਪ੍ਰਤਿਰੋਧਕਾਂ ਨੂੰ ਲੜੀਵਾਰ ਸਮਾਨਾਂਤਰ ਜੋੜ ਕੇ ਉਨ੍ਹਾਂ ਦਾ ਪਰਿਣਾਮੀ ਪ੍ਰਤਿਰੋਧ ਪਤਾ ਕਰੋ।
3. ਦਿੱਤੇ ਹੋਏ ਸੈਂਪਲਾਂ ਵਿਚੋਂ ਸਾਦਾਰਣ ਨਮਕ, ਗੁਲੂਕੋਸ, ਵਾਸ਼ਿੰਗ ਸੋਡਾ, ਅਤੇ ਬੇਕਿੰਗ ਸੋਡਾ ਦੀ ਪਹਿਚਾਨ ਕਰੋ।
4. ਸਥਾਈ ਸਲਾਈਡ ਦੀ ਸਹਾਇਤਾ ਨਾਲ ਅਲਿੰਗੀ ਜਣਨ-ਕਿਰਿਆ ਜਿਵੇ ਦੋ-ਖੰਡਨ ਅਤੇ ਬਡਿੰਗ ਦਾ ਅਧਿਐਨ ਕਰਨਾ।
5. ਚਾਰਟ ਅਤੇ ਮਾਡਲ ਦੀ ਸਹਾਇਤਾ ਨਾਲ ਮਨੁੱਖ ਦੇ ਦਿਲ ਅਤੇ ਦਿਮਾਗ ਦਾ ਅਧਿਐਨ ਕਰੋ।

ਕਿਰਿਆਵਾਂ:-

1. ਵਿਸ਼ਵ ਤਾਪਮਾਨ ਦੇ ਵਾਧੇ ਦੇ ਸੰਕਲਪ ਨੂੰ ਸਮਝਾਉਣ ਲਈ ਟ੍ਰੇ ਵਿੱਚ ਗਲੋਬ ਰੱਖ ਕੇ ਉਸਦੇ ਦੋਵੇਂ ਪਾਸੇ ਬਰਫ ਰੱਖ ਕੇ ਗਰਮੀ ਦੇ ਅਸਰ ਨਾਲ ਪਾਣੀ ਦਾ ਤਲ ਵੱਧਦਾ ਅਤੇ ਧਰਤੀ ਦਾ ਤਲ ਘਟਦਾ ਦਿਖਾਣਾ।
2. ਕਿਸੇ ਵੀ ਨੇੜਲੇ ਪਾਣੀ ਦੇ ਸ੍ਰੋਤਾਂ ਦੇ ਪ੍ਰਦੂਸ਼ਕਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਉਨ੍ਹਾ ਕਾਰਣ ਹੋਣ ਵਾਲੇ ਭੈੜੇ ਪ੍ਰਭਾਵ ਅਤੇ ਉਨ੍ਹਾਂ ਦੀ ਰੋਕਥਾਮ ਬਾਰੇ ਵਿਚਾਰ-ਵਟਾਦਰਾ ਕਰਨਾ।

# ਮਹੀਨਾ: ਅਗਸਤ

ਪਾਠ ਨੰ:5- ਬਿਜਲੀ ਕਰੰਟ ਦੇ ਚੁੰਬਕੀ ਪ੍ਰਭਾਵ

ਪਾਠ ਨੰ:11- ਧਾਤਾਂ ਅਤੇ ਅਧਾਤਾਂ

ਪਾਠ ਨੰ:15- ਪਦਾਰਥਾਂ ਦਾ ਸਥਾਨਾਂਤਰਣ

ਪ੍ਰਯੋਗ:-

1. ਬਿਜਲਈ ਅਪਘਟਨ ਦੀ ਵਿਧੀ ਦੁਆਰਾ ਕਿਸੇ ਧਾਤ ਦੀ ਵਸਤੂ ਦਾ ਬਿਜਲਈ ਮੁਲੰਮਾ ਕਰੋ।
2. ਸਿੱਧ ਕਰੋ ਕਿ ਕਿਸੇ ਚਾਲਕ ਵਿਚੋ ਵਹਿ ਰਹੇ ਕਰੰਟ ਕਾਰਣ ਚੁੰਬਕੀ ਖੇਤਰ ਉਤਪੰਨ ਹੁੰਦਾ ਹੈ।
3. ਪ੍ਰਯੋਗਸ਼ਾਲਾ ਵਿੱਚ ਇਕ ਸਾਧਾਰਨ ਵੋਲਟਾ ਸੈਲ ਤਿਆਰ ਕਰੋ ਅਤੇ ਇਸ ਦਾ ਕਾਰਜ ਕਰਕੇ ਦਿਖਾਉ।
4. ਇੱਕ ਪੱਤੇ ਦੇ ਸਟੋਮੈਟਾ ਦਿਖਾਉਣ ਲਈ ਅਸਥਾਈ ਸਲਾਈਡ ਬਣਾਉ।
5. ਪ੍ਰਯੋਗ ਰਾਹੀਂ ਸਿੱਧ ਕਰੋ ਕਿ ਪ੍ਰਕਾਸ਼-ਸੰਸ਼ਲੇਸ਼ਣ ਕਿਰਿਆ ਲਈ ਕਲੋਰੋਫਿਲ ਜਰੂਰੀ ਹੈ।

ਕਿਰਿਆਵਾਂ:-

1. ਭੌਂ-ਖੋਰ ਦਿਖਾਉਣਾ ਅਤੇ ਇਸ ਦੀ ਸੁਰਖਿਆ ਸੰਬੰਧੀ ਜਾਣਕਾਰੀ ਦੇਣਾ।
2. ਵੱਖ-2 ਢੰਗਾਂ ਰਾਹੀਂ ਵਿਦਿਆਰਥੀਆਂ ਨੂੰ ਪੋਲੇਥੀਨ ਦੇ ਭੈੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣਾ

# ਮਹੀਨਾ: ਸਤੰਬਰ

ਅਪ੍ਰੈਲ ਮਹੀਨੇ ਤੋ ਅਗਸਤ ਮਹੀਨੇ ਤਕ ਦੀ ਦੁਹਰਾਈ ਅਤੇ ਘਰੇਲੂ ਪ੍ਰੀਖਿਆ

# ਮਹੀਨਾ: ਅਕਤੂਬਰ

ਪਾਠ ਨੰ:6- ਊਰਜਾ ਦੇ ਸੋਮੇ
ਪਾਠ ਨੰ:12- ਕਾਰਬਨ ਦੇ ਯੌਗਿਕ
ਪਾਠ ਨੰ:16- ਮਲ-ਨਿਕਾਸ

ਪ੍ਰਯੋਗ:-

1. ਦਿਤੇ ਹੋਏ ਸੈਪਲਾਂ (ਰੱਸ/ਜੂਸਾਂ) ਦੀ Ph ਪੇਪਰ ਦੀ ਵਰਤੋਂ ਕਰਕੇ Ph ਲੱਭਣੀ।
2. ਦਿਤੇ ਹੋਏ ਐਸਿਡ (HCl) ਦੀ (1) ਲਿਟਮਸ ਘੋਲ ( ਨੀਲਾ ਅਤੇ ਲਾਲ) (2) ਸੋਡਿਅਮ-ਕਾਰਬੋਨੇਟ (3) ਜਿੰਕ ਧਾਤ (4) ਸੋਡੀਅਮ-ਹਾਈਡ੍ਰੋਆਕਸਾਈਡ ਨਾਲ ਕਿਰਿਆ।
3. ਦਿਤੇ ਹੋਏ ਖਾਰ (NaOH) ਦੀ (1) ਲਿਟਮਸ ਘੋਲ ( ਨੀਲਾ ਅਤੇ ਲਾਲ) (2)HCl (3)ਐਲੂਮੀਨਿਅਮ ਧਾਤ (4) ਸੋਡੀਅਮ ਧਾਤ ਨਾਲ ਕਿਰਿਆ ਕਰਵਾਉਣੀ।
4. ਦਿਤੇ ਚਾਰਟ ਅਤੇ ਮਾਡਲ ਦੀ ਸਹਾਇਤਾ ਨਾਲ ਮਨੁੱਖ ਦੀ ਆਹਾਰ ਪ੍ਰਣਾਲੀ, ਸਾਹ ਪ੍ਰਣਾਲੀ,ਮਲ ਤਿਆਗ ਪ੍ਰਣਾਲੀ,ਦਾ ਅਧਿਐਨ ਕਰੋ।
5. ਲੇਬਲ ਕੀਤੇ ਚਿੱਤਰ ਦੀ ਸਹਾਇਤਾ ਨਾਲ ਇੱਕ ਫੁੱਲ ਦੇ ਵਿਭਿੰਨ ਭਾਗਾਂ ਦਾ ਅਧਿਐਨ ਕਰੋ।

ਕਿਰਿਆਵਾਂ:-

1. ਆਪਣੇ ਇਲਾਕੇ ਵਿਚਲੇ ਨਾ-ਨਵਿਆਉਣਯੋਗ ਸਰੋਤਾਂ ਦੀ ਸੂਚੀ ਤਿਆਰ ਕਰੋ ਅਤੇ ਉਹਨਾਂ ਦੀ ਵਰਤੋਂ ਵਾਰੇ ਜਾਣਕਾਰੀ ਇੱਕਤਰ ਕਰੋ ਅਤੇ ਉਹਨਾਂ ਦੇ ਬਦਲ ਬਾਰੇ ਵਿਚਾਰ ਵਟਾਂਦਰਾ ਕਰਨਾ।

# ਮਹੀਨਾ: ਨਵੰਬਰ

ਪਾਠ ਨੰ:7- ਨਿਊਕਲੀ ਵਿਖੰਡਨ ਅਤੇ ਸੰਯੋਜਨ
ਪਾਠ ਨੰ:19- ਅਨੁਵੰਸ਼ਿਕਤਾ ਅਤੇ ਜੀਵ-ਵਿਕਾਸ
ਪਾਠ ਨੰ:20- ਵਾਤਾਵਰਣ

ਪ੍ਰਯੋਗ:-

1. ਹਾਈਡਰੋਜਨ ਅਤੇ ਸਲਫਰ-ਡਾਈਆਕਸਾਈਡ ਗੈਸ ਦੀ ਤਿਆਰੀ ਕਰਨੀ ਅਤੇ ਇਸਦੇ ਕੋਈ ਦੋ ਭੋਤਿਕ ਅਤੇ ਰਸਾਇਣਿਕ ਗੁਣਾਂ ਦਾ ਅਧਿਐਨ ਕਰਨਾ।
2. ਅਮੋਨਿਆ ਗੈਸ ਦੀ ਤਿਆਰੀ ਕਰਨੀ ਅਤੇ ਇਸਦੇ ਕੋਈ ਦੋ ਭੋਤਿਕ ਅਤੇ ਰਸਾਇਣਿਕ ਗੁਣਾਂ ਦਾ ਅਧਿਐਨ ਕਰਨਾ।
3. ਐਸਿਟਿਕ ਐਸਿਡ ਦੇ ਕੋਈ ਦੋ ਭੋਤਿਕ ਅਤੇ ਰਸਾਇਣਿਕ ਗੁਣਾਂ ਦਾ ਅਧਿਐਨ ਕਰਨਾ।
4. ਸਾਬਣ ਦੀ ਤਿਆਰੀ ਅਤੇ ਇਸਦੇ ਗੁਣਾਂ ਦਾ ਕਠੋਰ ਅਤੇ ਕੋਮਲ ਪਾਣੀ ਚ ਅਧਿਐਨ ਕਰਨਾ।

ਕਿਰਿਆਵਾਂ:-

1. ਪੌਣ ਊਰਜਾ ਅਤੇ ਜਲ ਊਰਜਾ ਨੂੰ ਗਤਿਜ ਊਰਜਾ ਵਿੱਚ ਰੂਪਾਂਤਰਿਤ ਕਰਨ ਦੇ ਸੰਕਲਪ ਨੂੰ ਸਮਝਾਉਣ ਲਈ ਮਾਡਲ ਤਿਆਰ ਕਰਨਾ।
2. ਵਿਦਿਆਰਥਿਆਂ ਨੂੰ ਸਮੋਗ ਦੇ ਬਣਨ ਅਤੇ ਇਸ ਦੇ ਭੈੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ।

# ਮਹੀਨਾ: ਦਸੰਬਰ

ਘਰੇਲੂ ਪ੍ਰੀਖਿਆ ਲਈ ਦੁਹਰਾਈ ਅਤੇ ਘਰੇਲੂ ਪ੍ਰੀਖਿਆ।

## ਮਹੀਨਾ: ਜਨਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-1

## ਮਹੀਨਾ: ਫਰਵਰੀ

ਸਾਲਾਨਾ ਪ੍ਰੀਖਿਆ ਲਈ ਦੁਹਰਾਈ ਅਤੇ ਪ੍ਰੀ-ਬੋਰਡ ਪ੍ਰੀਖਿਆ-2

## ਮਹੀਨਾ: ਮਾਰਚ

ਸਾਲਾਨਾ ਪ੍ਰੀਖਿਆ